ਦਫਤਰ, ਸਿੱਖਿਆ ਵਿਭਾਗ (ਕਾਲਜਾਂ), ਪੰਜਾਬ, ਐਸ ਏ ਐਸ ਨਗਰ
(E mail Id- pgct.seniority@gmail.com)
(ਸੇਵਾਵਾਂ ਸ਼ਾਖਾ)

ਵੱਲ,

1. ਪੰਜਾਬ ਰਾਜ ਦੇ ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।
2. ਕੇਂਦਰੀ ਪ੍ਰਸ਼ਾਸਤ ਖੇਤਰ ਚੰਡੀਗੜ੍ਹ ਦੇ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।

ਮੀਮੋ ਨੰ. 5/19-2012 ਸੇਵਾਵਾਂ (1)/4598
ਮਿਤੀ : ਐਸ ਏ ਐਸ ਨਗਰ : 29.09.2020

ਵਿਸ਼ਾ: ਮਿਤੀ 01-04-1990 ਤੋਂ ਬਾਅਦ ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਸਿੱਧੀ ਭਰਤੀ ਰਾਹੀਂ ਨਿਯੁਕਤ/ਨਿਯੁਕਤੀ ਉਪਰੰਤ ਡਾਇਰੈਕਟੋਰੇਟ ਵਿੱਚ ਤਾਇਨਾਤ/ ਰੈਗੂਲਰਾਈਜ਼ਡ/ ਟੇਕਨ ਓਵਰ/ ਹੋਰ ਵਿਭਾਗਾਂ ਤੋਂ ਬਦਲੀ ਰਾਹੀਂ ਇਸ ਵਿਭਾਗ ਵਿੱਚ ਨਿਯੁਕਤ ਅਧਿਆਪਕਾਂ (ਸੇਵਾ ਕਰ ਰਹੇ ਅਤੇ ਸੇਵਾ ਮੁਕਤ ਹੋ ਚੁੱਕੇ) ਦੀ ਅਣ-ਅੰਤਿਮ (Tentative) ਸੀਨੀਆਰਤਾ ਸੂਚੀ ਵਿੱਚ ਦਰਜ ਇੰਦਰਾਜਾਂ ਸਬੰਧੀ ਇਤਰਾਜਾਂ ਦੀ ਮੰਗ ।

1. ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ), ਪੰਜਾਬ ਵਲੋਂ ਮਿਤੀ 01-04-1990 ਤੋਂ ਬਾਅਦ ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਸਿੱਧੀ ਭਰਤੀ ਰਾਹੀਂ ਨਿਯੁਕਤ/ ਨਿਯੁਕਤੀ ਉਪਰੰਤ ਡਾਇਰੈਕਟੋਰੇਟ ਵਿੱਚ ਤਾਇਨਾਤ/ ਰੈਗੂਲਰਾਈਜ਼ਡ/ ਟੇਕਨ ਓਵਰ/ ਹੋਰ ਵਿਭਾਗਾਂ ਤੋਂ ਬਦਲੀ ਰਾਹੀਂ ਇਸ ਵਿਭਾਗ ਵਿੱਚ ਨਿਯੁਕਤ/ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਨਿਯੁਕਤ ਹੋਣ ਉਪਰੰਤ ਕੇਂਦਰੀ ਪ੍ਰਸ਼ਾਸਤ ਰਾਜ ਚੰਡੀਗੜ੍ਹ ਦੇ ਸਰਕਾਰੀ ਕਾਲਜਾਂ ਅਤੇ ਹੋਰ ਸੰਸਥਾਵਾਂ ਵਿੱਚ ਡੈਪੂਟੇਸ਼ਨ ਤੇ ਸੇਵਾ ਕਰ ਰਹੇ ਅਧਿਆਪਕਾਂ ਦੀ ਅਣ-ਅੰਤਿਮ (Tentative) ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ।

2. ਇਹ ਅਣ-ਅੰਤਿਮ (Tentative) ਸੀਨੀਆਰਤਾ ਸੂਚੀ ਸਿਖਿਆ ਵਿਭਾਗ (ਕਾਲਜਾਂ), ਪੰਜਾਬ ਦੀ ਆਫੀਸ਼ੀਅਲ ਵੈਬਸਾਈਟ dhepunjab.com ਉਪਰ Tentative Seniority List ਟਾਈਟਲ ਅਧੀਨ Upload ਕਰ ਦਿੱਤੀ ਗਈ ਹੈ।

3. ਇਸ ਅਣ-ਅੰਤਿਮ (Tentative) ਸੀਨੀਆਰਤਾ ਸੂਚੀ ਵਿੱਚ ਦਰਜ ਇੰਦਰਾਜਾਂ ਸਬੰਧੀ ਸਬੰਧਤ ਅਧਿਆਪਕਾਂ ਪਾਸੋਂ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਭਾਵ 15.10.2020 ਤੱਕ ਇਤਰਾਜਾਂ ਦੀ ਮੰਗ ਕੀਤੀ ਜਾਂਦੀ ਹੈ।

4. ਇਸ ਸਮੇਂ ਸੇਵਾ ਕਰ ਰਹੇ ਅਤੇ ਸੇਵਾ ਮੁਕਤ ਹੋ ਚੁੱਕੇ ਅਧਿਆਪਕਾਂ ਨੂੰ ਇਸ ਅਣ-ਅੰਤਿਮ (Tentative) ਸੀਨੀਆਰਤਾ ਸੂਚੀ ਸਬੰਧੀ ਸੂਚਿਤ ਕਰਨ ਲਈ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਇਸ ਪੱਤਰ ਨੂੰ ਆਪਣੇ ਦਫਤਰ ਦਾ ਪਿਠ ਅੰਕਣ ਨੰਬਰ ਲਗਾ ਕੇ ਵਿਭਿੰਨ ਸਾਧਨਾਂ, ਜਿਵੇਂ ਕਿ ਕਾਲਜ ਦੇ ਅਧਿਆਪਕਾਂ ਦੇ ਸਾਂਝੇ ਵਟਸਐਪ ਗਰੁੱਪ ਰਾਹੀਂ, ਸਟਾਫ ਕਮਰੇ ਦੇ ਨੋਟਿਸ ਬੋਰਡ ਉਪਰ ਪੱਤਰ ਨੂੰ ਚਿਪਕਾਉਣ ਰਾਹੀਂ, ਆਪਣੇ ਆਪਣੇ ਕਾਲਜ ਦੀ ਵੈਬਸਾਈਟ ਰਾਹੀਂ, ਸਬੰਧਤ ਅਧਿਆਪਕਾਂ ਦੀ ਈ ਮੇਲ ਰਾਹੀਂ ਆਦਿ ਢੰਗਾਂ ਰਾਹੀਂ ਇਸ ਅਣ-ਅੰਤਿਮ (Tentative) ਸੀਨੀਆਰਤਾ ਸੂਚੀ ਨੂੰ ਵਿਭਾਗ ਦੀ ਵੈਬਸਾਈਟ dhepunjab.com ਉਪਰ ਅਪਲੋਡ ਕੀਤੇ ਜਾਣ ਬਾਰੇ ਸੂਚਿਤ ਕਰਨਗੇ।

5. ਸਬੰਧਤ ਅਧਿਆਪਕ/ਅਧਿਆਪਕਾਂ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ ਕਿ ਉਚੇਰੀ ਸਿੱਖਿਆ ਵਿਭਾਗ (ਕਾਲਜਾਂ), ਪੰਜਾਬ ਵਲੋਂ ਮਿਤੀ 01-04-1990 ਤੋਂ ਬਾਅਦ ਵਿੱਚ ਉਕਤ ਅਨੁਸਾਰ ਵੱਖ ਵੱਖ

ਢੰਗਾਂ ਰਾਹੀਂ ਕਾਡਰ ਵਿੱਚ ਆਏ ਅਧਿਆਪਕਾਂ ਦੀ ਤਿਆਰ ਕੀਤੀ ਇਸ ਅਣ ਅੰਤਿਮ ਸੀਨੀਆਰਤਾ ਸੂਚੀ ਨੂੰ ਖੁੱਦ ਵਿਭਾਗ ਦੀ ਵੈਬਸਾਈਟ dhepunjab.com ਦੇ Seniority List ਫੋਲਡਰ ਅਧੀਨ Upload ਕੀਤੀ ਇਸ ਸੂਚੀ ਨੂੰ ਗਹੁ ਨਾਲ ਵਾਚ ਕੇ ਆਪਣਾ ਇਤਰਾਜ, ਜੇ ਕੋਈ ਹੋਵੇ, ਤਾਂ ਲੜੀਂ ਨੰ. 6 ਵਿੱਚ ਦਰਜ ਹਦਾਇਤ ਅਨੁਸਾਰ ਦਰਜ ਕਰਵਾ ਸਕਦਾ ਹੈ।

6. ਸਬੰਧਤ ਅਧਿਆਪਕ ਆਪਣਾ ਇਤਰਾਜ ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ), ਪੰਜਾਬ, ਐਸ ਏ ਐਸ ਨਗਰ ਨੂੰ ਸੰਬੋਧਿਤ ਬਿਨੈ ਪੱਤਰ ਸੰਬੋਧਿਤ ਬਿਨੈ ਪੱਤਰ ਕੇਵਲ ਹੇਠ ਦਰਸਾਏ ਈ-ਮੇਲ ਪਤੇ ਤੇ ਭੇਜਿਆ ਜਾਵੇ। ਹੋਰ ਕਿਸੇ ਵੀ ਰੂਪ ਵਿੱਚ ਭੇਜਿਆ ਗਿਆ ਇਤਰਾਜ ਸਵੀਕਾਰ ਨਹੀਂ ਕੀਤਾ ਜਾਵੇਗਾ।

pgct.seniority@gmail.com

7. ਮਿਥੀ ਗਈ ਮਿਤੀ ਤੋਂ ਬਾਅਦ ਪ੍ਰਾਪਤ ਇਤਰਾਜਾਂ ਨੂੰ ਕਿਸੇ ਵੀ ਕਿਸਮ ਦੀ ਸੋਧ ਦੇ ਮਕਸਦ ਲਈ ਨਹੀਂ ਵਿਚਾਰਿਆ ਜਾਵੇਗਾ।

8. ਜਿਨ੍ਹਾਂ ਅਧਿਆਪਕਾਂ ਦੇ ਮੈਰਿਟ ਮਾਰਕਸ ਪੀ.ਪੀ.ਐਸ.ਸੀ ਤੋਂ ਅਜੇ ਤੱਕ ਪ੍ਰਾਪਤ ਨਹੀਂ ਹੋਏ, ਉਹਨਾਂ ਦੀ ਸੀਨੀਆਰਤਾ ਪੀ.ਪੀ.ਐਸ.ਸੀ ਤੋਂ ਪ੍ਰਾਪਤ ਹੋਣ ਉਪਰੰਤ ਨਿਸ਼ਚਿਤ ਕਰ ਦਿੱਤੀ ਜਾਵੇਗੀ।

9. ਸੀਨੀਆਰਤਾ ਸੂਚੀ PDF Format ਵਿਚ ਇਸ ਪੱਤਰ ਨਾਲ ਲੜੀ ਨੰ. 1569 ਤੋਂ 2390 ਤੱਕ ਨਾਲ ਨੱਥੀ ਕੀਤੀ ਜਾਂਦੀ ਹੈ।

ਪਰਮਜੀਤ ਸਿੰਘ (ਪੀ.ਸੀ.ਐਸ.)
ਡਾਇਰੈਕਟਰ ਸਿਖਿਆ ਵਿਭਾਗ (ਕਾਲਜਾਂ) ਪੰਜਾਬ

ਪਿੱਠ ਅੰਕਣ ਨੰ.ਉਕਤ/ ਮਿਤੀ, ਐਸ.ਏ.ਐਸ ਨਗਰ

ਉਪਰੋਕਤ ਦਾ ਉਤਾਰਾ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿਖਿਆ ਵਿਭਾਗ (ਸਿਖਿਆ-1 ਸ਼ਾਖਾ) ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਪਰਮਜੀਤ ਸਿੰਘ (ਪੀ.ਸੀ.ਐਸ.)
ਡਾਇਰੈਕਟਰ ਸਿਖਿਆ ਵਿਭਾਗ (ਕਾਲਜਾਂ) ਪੰਜਾਬ